USDA ਅਮਰੀਕਾ ਦਾ ਖੇਤੀਬਾੜੀ ਮਹਿਕਮਾ
(United States Department of Agriculture)



# ਅਮਰੀਕਾ ਦੀਆਂ ਕੰਮ ਵਾਲ਼ੀਆਂ ਜ਼ਮੀਨਾਂ ਦੀ ਮਦਦ ਕਰਨਾ





ਕੁਦਰਤੀ ਸ੍ਰੋਤਾਂ ਬਾਰੇ ਸੰਭਾਲ ਸੇਵਾ



# ਅਮਰੀਕਾ ਦੀਆਂ ਕੰਮ ਵਾਲ਼ੀਆਂ ਜ਼ਮੀਨਾਂ ਦੀ ਮਦਦ ਕਰਨਾ (Supporting America's Working Lands)

ਕੁਦਰਤੀ ਸ੍ਰੋਤਾਂ ਦੀ ਸੰਭਾਲ ਬਾਰੇ ਸੇਵਾ (Natural Resources Conservation Service) ਵਿਖੇ, ਅਮਰੀਕਾ ਦੇ ਕਿਸਾਨਾਂ, ਪਸ਼ੂਪਾਲਕਾਂ ਅਤੇ ਜੰਗਲਾਤ ਦੀ ਜ਼ਮੀਨ ਦੇ ਜ਼ਿਮੀਦਾਰਾਂ ਦੀ ਮਦਦ ਕਰਨ ਵਾਲ਼ੇ ਇਤਿਹਾਸ 'ਤੇ ਮਾਣ ਹੈ। ਅਸੀਂ 80 ਸਾਲ ਤੋਂ ਵੀ ਵੱਧ ਸਮੇਂ ਤੋਂ ਕੰਮ ਵਾਲ਼ੀਆਂ ਜ਼ਮੀਨਾਂ 'ਤੇ ਕੰਮ ਕਰਨ, ਪਿੰਡਾਂ ਵਿਚਲੀ ਆਰਥਕਤਾ ਨੂੰ ਹੁਲਾਰਾ ਦੇਣ, ਅਮਰੀਕਾ ਦੀ ਖੇਤੀਬਾੜੀ ਵਿੱਚ ਮੁਕਾਬਲੇਬਾਜ਼ੀ ਵਧਾਉਣ ਅਤੇ ਹਵਾ, ਪਾਣੀ, ਮਿੱਟੀ ਅਤੇ ਕੁਦਰਤੀ ਰਿਹਾਇਸ਼ ਲਈ ਸਥਾਨਕ ਭਾਈਚਾਰਿਆਂ ਦੇ ਕੰਮਾਂ-ਕਾਰਾਂ ਅਤੇ ਉਹਨਾਂ ਵਿਚਕਾਰ ਪੂੰਜੀ ਲਾਉਣ ਵਾਲ਼ੇ ਲੋਕਾਂ ਦੀ ਮਦਦ ਕੀਤੀ ਹੈ।

USDA ਦੀਆਂ ਮੁਢਲੀਆਂ ਨਿਜੀ ਜ਼ਮੀਨਾਂ ਦੀ ਸੰਭਾਲ ਕਰਨ ਵਾਲ਼ੀ ਏਜੰਸੀ ਦੇ ਤੌਰ 'ਤੇ ਅਸੀਂ ਡਾਟਾ, ਤਕਨਾਲੋਜੀ ਅਤੇ ਮਿਆਰ ਤਿਆਰ ਕਰਦੇ ਹਾਂ, ਪ੍ਰਬੰਧ ਕਰਦੇ ਹਾਂ ਅਤੇ ਡਾਟਾ ਸਾਂਝਾ ਕਰਦੇ ਹਾਂ, ਜੋ ਭਾਈਵਾਲਾਂ ਅਤੇ ਨੀਤੀ-ਘਾੜਿਆਂ ਨੂੰ ਯਥਾਰਥਕ, ਭਰੋਸੇਮੰਦ ਵਿਗਿਆਨ ਵਲੋਂ ਕੀਤੇ ਗਏ ਸੂਚਿਤ ਫ਼ੈਸਲੇ ਲੈਣ ਦੇ ਸਮਰੱਥ ਬਣਾਉਂਦੇ ਹਨ।

ਅਤੇ ਆਹਮੋ-ਸਾਹਮਣੇ, ਨਿਜੀ ਤੌਰ 'ਤੇ ਦਿੱਤੀ ਜਾਣ ਵਾਲ਼ੀ ਸਲਾਹ ਰਾਹੀਂ, ਅਸੀਂ ਉਹਨਾਂ ਦੀ ਵਿਲੱਖਣ ਸੰਭਾਲ ਅਤੇ ਕਾਰੋਬਾਰੀ ਟੀਚੇ ਪੂਰੇ ਕਰਨ ਲਈ ਕਾਸ਼ਤਕਾਰਾਂ ਅਤੇ ਭਾਈਚਾਰਿਆਂ ਨਾਲ ਵਾੱਲੰਟਰੀ ਤੌਰ 'ਤੇ ਕੰਮ ਕਰਦੇ ਹਾਂ। ਇੰਜ ਕਰਕੇ, ਅਸੀਂ ਆਪਣੇ ਕੁਦਰਤੀ ਸ੍ਰੋਤਾਂ ਦੇ ਨਰੋਏਪਣ ਅਤੇ ਅਮਰੀਕਾ ਦੀ ਖੇਤੀਬਾੜੀ ਦੀ ਲੰਮੀ-ਮਿਆਦ ਦੀ ਸਥਿਰਤਾ ਯਕੀਨੀ ਬਣਾਉਣ ਵਿੱਚ ਮਦਦ ਕਰਦੇ ਹਾਂ।

**"ਸਾਨੂੰ ਇਹ ਜ਼ਮੀਨ ਵਿਰਸੇ ਵਿੱਚ ਨਹੀਂ ਮਿਲੀ। ਅਸੀਂ ਇਹ ਆਪਣੇ ਬੱਚਿਆਂ ਤੋਂ ਉਧਾਰ ਲਈ ਹੈ। ਇਹ ਭਵਿੱਖ ਬਾਰੇ ਹੈ, ਬੀਤ ਚੁੱਕੇ ਸਮੇਂ ਲਈ ਨਹੀਂ।"**

ਜੋਸਫ ਮੈਕਕਿਨੀ, ਅਲਬਾਮਾ ਦਾ ਕਾਸ਼ਤਕਾਰ





NRCS ਨੇ ਸੰਭਾਲ ਸਬੰਧੀ ਪ੍ਰਬੰਧਾਂ ਵਿੱਚ ਔਸਤਨ ਸਾਲ ਵਿੱਚ ਰੋਜ਼ $9 ਮਿਲੀਅਨ ਤੱਕ ਦੀ ਪੂੰਜੀ ਲਾਈ ਹੈ, ਜੋ ਕਾਸ਼ਤਕਾਰਾਂ ਦਾ ਮੁਨਾਫ਼ਾ ਅਤੇ ਇਸ ਨੂੰ ਲਾਹੇਵੰਦ ਬਣਾਈ ਰੱਖਣ ਵਿੱਚ ਮਦਦ ਕਰਦੀ ਹੈ।



# ਅਮਰੀਕਾ ਦੀਆਂ ਕੰਮ ਵਾਲ਼ੀਆਂ ਜ਼ਮੀਨਾਂ ਦੀ ਮਦਦ, ਪਿੰਡਾਂ ਵਿਚਲੀ ਆਰਥਕਤਾ (America's Working Lands Support Rural Economies)

ਕਿਸਾਨ, ਰੈਂਚਰ ਅਤੇ ਜੰਗਲ-ਵਾਸੀ ਅਮਰੀਕਾ ਦੀ ਮਜ਼ਬੂਤ ਨੀਂਹ ਹਨ। ਤੇਜ਼ੀ ਨਾਲ ਵਧ ਰਹੇ ਦੇਸ਼ ਨੂੰ ਭੋਜਨ ਮੁਹੱਈਆ ਕਰਾਉਣ ਦੀ ਜ਼ੋਰਦਾਰ ਜ਼ਿਮੇਵਾਰੀ ਨਿਭਾਉਂਦਿਆਂ, ਉਹਨਾਂ ਦਾ ਅਹਿਮ ਕਾਰਜ ਪਿੰਡਾਂ ਵਾਲੇ ਸਾਰੇ ਇਲਾਕਿਆਂ ਨੂੰ ਆਰਥਿਕ ਸਥਿਰਤਾ ਮੁਹੱਈਆ ਕਰਾਉਣਾ - ਦਿਹਾਤੀ ਆਰਥਕਤਾ ਦੀ ਮਦਦ ਕਰਨਾ ਅਤੇ ਸਥਾਨਕ ਭਾਈਚਾਰਿਆਂ ਲਈ ਰੋਜ਼ਗਾਰ ਤਿਆਰ ਕਰਨਾ ਵੀ ਹੈ।

ਪਿੰਡਾਂ ਵਿਚਲਾ ਅਮਰੀਕਾ, ਸਥਾਨਕ ਕਿਰਤੀਆਂ ਨੂੰ ਪੈਸਾ ਦੇਣ ਲਈ ਕੰਮ ਕਰਨ ਵਾਲ਼ੀਆਂ ਲਾਹੇਵੰਦ ਜ਼ਮੀਨਾਂ 'ਤੇ ਨਿਰਭਰ ਹੈ। ਸਥਾਨਕ ਨੌਕਰੀਆਂ ਵਿੱਚ ਸਿਰਫ਼ ਖੇਤੀਬਾੜੀ ਆਰਥਕਤਾ ਬਾਰੇ ਮਾਹਿਰ ਅਤੇ ਜੰਗਲ-ਵਾਸੀ ਹੀ ਸ਼ਾਮਿਲ ਨਹੀਂ ਹਨ, ਬਲਕਿ ਜ਼ਮੀਨੀ ਸੁਧਾਰ ਕਰਨ ਵਾਲ਼ੇ ਠੇਕੇਦਾਰ, ਬੀਆਂ ਦੀ ਸਪਲਾਈ ਕਰਨ ਵਾਲ਼ੇ ਲੋਕ, ਸਿੰਜਾਈ-ਮਾਹਿਰ ਅਤੇ ਹੋਰ ਲੋਕ ਵੀ ਸ਼ਾਮਿਲ ਹਨ। ਮੁਨਾਫ਼ੇ ਵਾਲ਼ੇ ਫ਼ਾਰਮ ਅਤੇ ਰੈਂਚ, ਸਾਫ਼ ਹਵਾ ਅਤੇ ਪਾਣੀ, ਨਰੋਆ ਭੋਜਨ ਅਤੇ ਭਰਪੂਰ ਜੰਗਲੀ-ਜੀਵਾਂ ਵਾਲ਼ੀਆਂ ਇਹਨਾਂ ਅਹਿਮ ਕੁਦਰਤੀ ਥਾਵਾਂ ਦੀ ਮੁਖ਼ਤਿਆਰੀ ਅਤੇ ਚੌਕਸ ਪ੍ਰਬੰਧ ਨਾਲ ਲਚੀਲੀ ਸਥਾਨਕ ਆਰਥਕਤਾ ਤਿਆਰ ਹੁੰਦੀ ਹੈ।

**"ਅਸੀਂ ਕਾਰੋਬਾਰ ਕਰਦੇ ਹਾਂ ਅਤੇ ਇਹ ਮੁਨਾਫ਼ੇ ਵਾਲ਼ਾ ਹੋਣਾ ਚਾਹੀਦਾ ਹੈ, ਇਸ ਲਈ ਅਸੀਂ NRCS ਨਾਲ ਜਿਹਨਾਂ ਪ੍ਰੋਗਰਾਮਾਂ ਦੀ ਵਰਤੋਂ ਕਰਦੇ ਹਾਂ, ਉਹ ਸੰਭਾਲ ਕਰਨ ਦੇ ਢੰਗ-ਤਰੀਕੇ ਸ਼ਾਮਿਲ ਕਰਨ ਵਿੱਚ ਸਾਡੀ ਮਦਦ ਕਰਦੇ ਹਨ। ਇਹ ਸਾਡੇ ਲਈ ਇਸ ਕਰਕੇ ਬਹੁਤ ਜ਼ਰੂਰੀ ਹੈ, ਕਿਉਂਕਿ ਇਸ ਜ਼ਮੀਨ ਨਾਲ ਸਾਡਾ ਮੋਹ ਹੈ ਅਤੇ ਇਹ ਜਿਹੋ ਜਿਹੀ ਸਾਨੂੰ ਮਿਲੀ ਸੀ, ਅਸੀਂ, ਆਪਣੇ ਬੱਚਿਆਂ ਲਈ ਇਸ ਨੂੰ ਹੋਰ ਵਧੀਆ ਬਣਾਕੇ ਦੇਣਾ ਚਾਹੁੰਦੇ ਹਾਂ"**

ਐਲਨ ਹਰਬਰਟ, ਲੁਸੀਆਨਾ ਦਾ ਕਾਸ਼ਤਕਾਰ





ਇਸ ਸਮੇਂ ਮੰਗ ਦੀ ਪੂਰੀ ਸਪਲਾਈ ਨਾ ਕਰ ਸਕਣ ਵਾਲ਼ੀ ਔੱਰਗੈਨਿਕ (ਦੇਸੀ) ਖੇਤੀ, ਅਮਰੀਕੀ ਭੋਜਨ ਸਨਅੱਤ ਦਾ ਸਭ ਤੋਂ ਤੇਜ਼ੀ ਨਾਲ ਵਧ ਰਿਹਾ ਖੇਤਰ ਹੈ। ਸ਼ਹਿਰਾਂ ਵਿੱਚ ਤੇਜ਼ੀ ਨਾਲ ਵਧ ਰਹੇ ਫ਼ਾਰਮਾਂ ਦੀ ਤਦਾਦ, ਇੱਥੇ ਆਉਣ ਲਈ ਨਵੇਂ ਕਿਸਾਨਾਂ ਨੂੰ ਰਾਹ ਦਿੰਦੀ ਹੈ ਅਤੇ ਸਾਰੇ ਨਾਗਰਿਕ ਇਸ ਖੇਤੀ ਦੀ ਤਾਰੀਫ਼ ਕਰਦੇ ਹਨ।

# ਅਮਰੀਕਾ ਦੀਆਂ ਕੰਮ ਵਾਲ਼ੀਆਂ ਜ਼ਮੀਨਾਂ ਦੀ ਮਦਦ, ਖਪਤਕਾਰ ਦੀ ਮੰਗ

ਅਮਰੀਕਾ ਦੇ ਕਾਸ਼ਤਕਾਰ, ਆੱਰਗੈਨਿਕ ਉਤਪਾਦਾਂ ਅਤੇ ਤਾਜ਼ੇ, ਸਥਾਨਕ ਭੋਜਨ ਲਈ ਇਸ ਸਮੇਂ ਖਪਤਕਾਰਾਂ ਦੀ ਵਧ ਰਹੀ ਮੰਗ ਪੂਰੀ ਕਰਨ ਦਾ ਹੁੰਗਾਰਾ ਭਰ ਰਹੇ ਹਨ। ਇਸ ਨਵੀਂ ਵੰਗਾਰ ਦੀ ਵਧ ਰਹੀ ਮੰਗ ਪੂਰੀ ਕਰਨ ਲਈ, ਆੱਰਗੈਨਿਕ ਅਤੇ ਸ਼ਹਿਰੀ ਕਿਸਾਨ ਕੁਦਰਤੀ ਸ੍ਰੋਤਾਂ ਦੀ ਸੰਭਾਲ ਕਰ ਰਹੇ ਹਨ, ਖੇਤੀਬਾੜੀ ਦੇ ਖੇਤਰ ਵਿੱਚ ਵੰਨ-ਸੁਵੰਨਤਾ ਲਿਆ ਰਹੇ ਹਨ ਅਤੇ ਨਵੇਂ ਅਤੇ ਗ਼ੈਰ-ਰਿਵਾਇਤੀ ਕਿਸਾਨਾਂ ਨੂੰ ਖੇਤੀਬਾੜੀ ਦੀ ਉਪਜ ਵਲ ਲਿਆ ਰਹੇ ਹਨ।

ਆੱਰਗੈਨਿਕ ਖੇਤੀਬਾੜੀ ਅਤੇ NRCS ਦੇ ਟੀਚੇ ਇੱਕ ਦੂਜੇ ਨਾਲ ਚੰਗੀ ਤਰ੍ਹਾਂ ਜੁੜੇ ਹੋਏ ਹਨ। USDA ਆੱਰਗੈਨਿਕ ਦੀਆਂ ਕਈ ਜ਼ਰੂਰਤਾਂ— ਜਿਵੇਂ ਮਿੱਟੀ ਦੀ ਸਿਹਤ ਅਤੇ ਵੰਨ-ਸੁਵੰਨਤਾ ਨੂੰ — ਇਹਨਾਂ ਸਾਂਝੇ ਟੀਚਿਆਂ ਦਾ ਪ੍ਰਗਟਾਵਾ ਕਰਨ ਵਾਲ਼ੇ NRCS ਦੇ ਸੰਭਾਲ ਪ੍ਰਬੰਧਾਂ ਦੀ ਵਰਤੋਂ ਕਰਦਿਆਂ ਹੱਲ ਕੀਤਾ ਜਾ ਸਕਦਾ ਹੈ। ਹਾਲਾਂਕਿ ਛੋਟੇ, ਸ਼ਹਿਰੀ ਫ਼ਾਰਮ ਅਕਸਰ ਵੱਡੇ ਅਸਰ ਪਾ ਸਕਦੇ ਹਨ, ਗੁਆਂਢਚਾਰੇ ਨੂੰ ਖ਼ੂਬਸੂਰਤ ਬਣਾ ਰਹੇ ਹਨ ਅਤੇ ਸਿਹਤਮੰਦ ਭੋਜਨ ਦੀ ਪੈਦਾਵਾਰ ਕਰਦਿਆਂ ਹੋਇਆਂ, ਸਥਾਨਕ ਭਾਈਚਾਰਿਆਂ ਨੂੰ ਮਜ਼ਬੂਤ ਕਰਦੇ ਹਨ। ਦੇਸ਼ ਭਰ ਦੇ ਕਿਸਾਨ ਉਪਜ ਦੇ ਵਾਧੇ ਲਈ ਵਿਲੱਖਣ ਮੌਸਮ ਤੋਂ ਹਟਕੇ ਤਾਜ਼ੀ, ਸਥਾਨਕ ਉਪਜ ਦੀ ਮੰਗ ਪੂਰੀ ਕਰਨ ਲਈ ਇਸ ਸਮੇਂ ਹਾਈ ਟਨਲਾਂ ਦੀ ਵਰਤੋਂ ਕਰ ਰਹੇ ਹਨ।

**“ਹਾਈ ਟਨਲ ਲਾਉਣ ਲਈ ਸਾਨੂੰ NRCS ਤੋਂ ਮਦਦ ਮਿਲੀ ਹੈ ਅਤੇ ਇਸ ਨੇ ਟਮਾਟਰਾਂ ਦੀ ਖੇਤੀ ਕਰਨ ਦੇ ਸਾਡੇ ਤਰੀਕੇ ਨੂੰ ਪੂਰੀ ਤਰ੍ਹਾਂ ਬਦਲ ਦਿੱਤਾ ਹੈ... ਇਸ ਨਾਲ ਸਾਡਾ ਉਤਪਾਦਨ ਦੁਗਣਾ ਹੋ ਗਿਆ ਹੈ। ਅਸੀਂ ਸਰਦੀਆਂ ਦੇ ਮੌਸਮ ਦੌਰਾਨ ਵੀ ਫਸਲ ਉਗਾ ਸਕਦੇ ਹਨ।”**

ਸਟੇਸੀ ਗਿਵਨਸ, ਓਰੇਗੌਨ ਦੀ ਕਾਸ਼ਤਕਾਰ





ਸਭ ਤੋਂ ਨਰੋਈਆਂ ਮਿੱਟੀਆਂ ਵਿੱਚ ਵੰਨ-ਸੁਵੰਨਤਾ ਹੁੰਦੀ ਹੈ ਅਤੇ ਬਹੁਤ ਜ਼ਿਆਦਾ ਜ਼ਰਖ਼ੇਜ ਹੁੰਦੀਆਂ ਹਨ। ਸਭ ਤੋਂ ਨਰੋਈ ਮਿੱਟੀ ਵਾਲ਼ੇ ਕਿਸਾਨ, ਮਿੱਟੀ ਦੀ ਉਪਰਲੀ ਸਤਹਿ 'ਤੇ ਬੂਟਿਆਂ ਵਿੱਚ ਵੰਨ-ਸੁਵੰਨਤਾ ਲਿਆਕੇ, ਬੂਟਿਆਂ ਦੇ ਵਧਣ ਨਾਲ ਸਾਰਾ ਸਾਲ ਜ਼ਮੀਨ ਢਕੀ ਰਹਿੰਦੀ ਹੈ, ਵਾਹੀ ਦੀ ਲੋੜ ਨਹੀਂ ਪੈਂਦੀ ਅਤੇ ਢੁਕਵੀਂ ਜਾਂ ਕਿਸੇ ਕੀੜੇਮਾਰ ਦਵਾਈ ਦੀ ਵਰਤੋਂ ਨਹੀਂ ਕਰਨੀ ਪੈਂਦੀ।



# ਅਮਰੀਕਾ ਦੀਆਂ ਕੰਮ ਵਾਲ਼ੀਆਂ ਜ਼ਮੀਨਾਂ ਦੀ ਮਦਦ, ਸਿਹਤਮੰਦ ਮਿੱਟੀ (America's Working Lands Support Healthy Soil)

ਮਿੱਟੀ ਵਿੱਚ ਅਮਰੀਕਾ ਦੀ ਜਾਨ ਵਸੀ ਹੋਈ ਹੈ। ਅੱਜ, ਦੇਸ਼ ਭਰ ਦੇ ਨਿਜੀ ਜ਼ਿਮੀਦਾਰ ਕੰਮ ਕਰਨ ਲਈ ਮਿੱਟੀ ਦੀ ਸਿਹਤ ਸਬੰਧੀ ਤਰੀਕਿਆਂ — ਵਧ ਰਹੇ ਮੁਨਾਫ਼ੇ ਵਾਲ਼ੇ ਫ਼ਾਰਮ, ਪਿੰਡਾਂ ਦੀ ਮਜ਼ਬੂਤ ਆਰਥਕਤਾ ਅਤੇ ਸਿਹਤਮੰਦ ਭੋਜਨ ਅਤੇ ਸਾਡੇ ਦੇਸ਼ ਨੂੰ ਅੱਜ ਅਤੇ ਭਵਿੱਖ ਵਿੱਚ ਫ਼ਾਈਬਰ ਤੋਂ ਲੈਕੇ ਈਂਧਣ ਦੀ ਪੂਰਤੀ ਕਰਨ ਲਈ NRCS ਨਾਲ ਭਾਈਵਾਲੀ ਕਰ ਰਹੇ ਹਨ।

ਜਿਵੇਂ ਜਿਵੇਂ ਅਬਾਦੀ ਅਤੇ ਭੋਜਨ ਦੇ ਉਤਪਾਦਨ ਦੀ ਮੰਗ ਵਧੀ ਹੈ, ਆਪਣੀ ਮਿੱਟੀ ਨੂੰ ਨਰੋਈ ਅਤੇ ਜ਼ਰਖ਼ੇਜ਼ ਬਣਾਈ ਰੱਖਣਾ ਸਭ ਤੋਂ ਵੱਡੀ ਜ਼ਰੂਰਤ ਹੈ। ਮਿੱਟੀ ਦੀ ਸਿਹਤ ਨਾਲ ਜੁੜੇ ਸਿਧਾਂਤਾਂ ਅਤੇ ਪ੍ਰਬੰਧਾਂ ਦੀ ਵਰਤੋਂ ਕਰਕੇ ਖੇਤੀ ਕਰਨਾ, ਜਿਸ ਵਿੱਚ ਵਾਹੀ ਦੀ ਲੋੜ ਨਹੀਂ ਪੈਂਦੀ, ਫਸਲਾਂ ਨੂੰ ਢਕਣਾ ਪੈਂਦਾ ਹੈ ਅਤੇ ਵੰਨ-ਸੁਵੰਨੀਆਂ ਫਸਲਾਂ ਲਾਉਣੀਆਂ ਸ਼ਾਮਿਲ ਹੈ, ਇਸ ਕਰਕੇ ਵੱਧ ਤੋਂ ਵੱਧ ਕਾਸ਼ਤਕਾਰ ਆਪਣੀ ਮਿੱਟੀ ਦੇ ਆੱਰਗੈਨਿਕ ਤੱਤ ਵਧਾ ਰਹੇ ਹਨ, ਮਹਿੰਗੇ ਪਦਾਰਥ ਪਾਉਣ ਦੀ ਲੋੜ ਘਟ ਰਹੀ ਹੈ ਅਤੇ ਸੂਖਮ ਜੀਵਾਣੂਆਂ ਦੀ ਸਰਗਰਮੀ ਵਿੱਚ ਸੁਧਾਰ ਹੋ ਰਿਹਾ ਹੈ — ਵਾਢੀ ਕਰਨ ਵੇਲ਼ੇ ਬਿਹਤਰ ਮੁਨਾਫ਼ਾ ਅਤੇ ਅਕਸਰ ਵਧੀਆ ਉਪਜ ਮਿਲਦੀ ਹੈ।

**"ਇੱਕ ਰਿਵਾਇਤੀ ਕਿਸਾਨ ਹੋਣ ਕਰਕੇ, ਮੈਂ ਭਵਿੱਖ ਵਲ ਵੇਖਣ ਬਾਰੇ ਸੋਚ ਵੀ ਨਹੀਂ ਸੀ ਸਕਦਾ। ਮੈਂ ਆਪਣੇ ਵਿੱਚੋਂ ਹੀ ਉਹਨਾਂ ਲੋਕਾਂ ਵਾਂਗ ਮਹਿਸੂਸ ਕਰਦਾ ਹਾਂ, ਜਿਹਨਾਂ ਨੇ ਤਬਦੀਲੀ ਲਿਆਂਦੀ ਹੈ, ਭਵਿੱਖ ਉਹਨਾਂ ਦਾ ਹੀ ਹੈ।"**

ਡਗਲਸ ਪੂਲ, ਵਾੱਸ਼ਿੰਗਟਨ ਦਾ ਕਾਸ਼ਤਕਾਰ





ਦੇਸ਼ ਦੇ ਪੱਛਮੀ ਹਿੱਸੇ ਤੋਂ ਬਾਹਰ, ਰੈਂਚਰਾਂ ਨੇ ਸੇਜਬ੍ਰਸ਼ (ਝਾੜੀਆਂ) ਵਾਲ਼ੇ ਵਾਤਾਵਰਣ ਦੇ **5** ਮਿਲੀਅਨ ਏਕੜ ਤੋਂ ਵੱਧ ਇਲਾਕੇ ਨੂੰ ਸੁਰਜੀਤ ਕੀਤਾ ਹੈ, ਪਸ਼ੂਆਂ ਲਈ ਬਿਹਤਰੀਨ ਚਰਾਗਾਹ ਮੁਹੱਈਆ ਕਰਾਉਂਦਿਆਂ ਹੋਇਆਂ, ਇਸ ਨਾਲ ਵੱਡੇ ਸੇਜ-ਗ੍ਰਾਉਸ (ਕੁੱਕੜ ਵਰਗਾ) ਨੂੰ ਬਚਾਉਣ ਵਿੱਚ ਮਦਦ ਮਿਲ ਰਹੀ ਹੈ।



# ਅਮਰੀਕਾ ਦੀਆਂ ਕੰਮ ਵਾਲ਼ੀਆਂ ਜ਼ਮੀਨਾਂ ਦੀ ਮਦਦ, ਸਿਹਤਮੰਦ ਵਾਤਾਵਰਣ

ਵੱਡੇ-ਪੱਧਰ 'ਤੇ ਜ਼ਮੀਨ ਦਾ ਪ੍ਰਬੰਧ (ਸੰਭਾਲ) ਕਰਨ ਰਾਹੀਂ ਖੇਤੀਬਾੜੀ ਅਤੇ ਜੰਗਲੀ-ਜੀਵ ਦੋਵੇਂ ਨਾਲੋਂ-ਨਾਲ ਜ਼ਿੰਦਗੀ ਗੁਜ਼ਾਰਦੇ ਹਨ। ਅਲਾਸਕਾ ਅਤੇ ਹਵਾਈ ਨੂੰ ਛੱਡਕੇ ਅਮਰੀਕਾ ਵਿਚਲੀਆਂ 48 ਸਟੇਟਾਂ ਵਿਚਲੀ ਦੋ ਤਿਹਾਈ ਜ਼ਮੀਨ ਨਿਜੀ ਮਲਕੀਅਤ ਵਾਲ਼ੀ ਹੈ ਅਤੇ ਬਹੁਤ ਜ਼ਿਆਦਾ ਫ਼ਸਲ ਦੇਣ ਵਾਲ਼ੇ ਇਹ ਖੇਤ, ਰੈਂਚ ਅਤੇ ਜੰਗਲ, ਜੰਗਲੀ-ਜੀਵਾਂ ਦੇ ਨਾਲ ਹੀ ਭੋਜਨ ਅਤੇ ਫ਼ਾਈਬਰ ਲਈ ਅਹਿਮ ਵਾਤਾਵਰਣ ਮੁਹੱਈਆ ਕਰਦੇ ਹਨ, ਜੋ ਸਾਡੇ ਸਾਰਿਆਂ ਲਈ ਭੋਜਨ ਦਾ ਇੰਤਜ਼ਾਮ ਵੀ ਕਰਦੇ ਹਨ।

ਨਿਜੀ ਜ਼ਮੀਨਾਂ 'ਤੇ ਕਾਸ਼ਤਕਾਰਾਂ ਵਲੋਂ ਕੀਤੇ ਗਏ ਸੰਭਾਲ ਦੇ ਕੰਮਾਂ ਕਰਕੇ ਲੁਸਿਆਨਾ ਦੇ ਕਾਲੇ ਰਿੱਛ ਤੋਂ ਲੈਕੇ ਓਰੇਗੌਨ ਚਬ ਅਤੇ ਸੇਜ ਗ੍ਰਾਉਸ ਤੋਂ ਨਿਉ ਇੰਗਲੈਂਡ ਕਾੱਟਨਟੇਲ ਦੀਆਂ ਕਿਸਮਾਂ ਨੂੰ ਸੁਰਜੀਤ ਕੀਤਾ ਹੈ ਅਤੇ ਵਾਪਸ ਹਾਸਿਲ ਕੀਤਾ ਹੈ। NRCS ਵੱਧ ਤੋਂ ਵੱਧ ਲਾਭਕਾਰੀ ਨਤੀਜਿਆਂ, ਜੰਗਲੀ-ਜੀਵਾਂ ਅਤੇ ਖੇਤੀਬਾੜੀ ਦੇ ਕਾਰਜਾਂ, ਦੋਹਾਂ ਲਈ ਵਾਤਾਵਰਣ ਦਾ ਵਧੀਆ ਢੰਗ ਨਾਲ ਪ੍ਰਬੰਧ ਕਿਵੇਂ ਕੀਤਾ ਜਾਏ, ਬਾਰੇ ਕਾਸ਼ਤਕਾਰਾਂ ਨੂੰ ਸੇਧ ਦੇਣ ਲਈ ਵਿਗਿਆਨ-ਅਧਾਰਿਤ, ਟੀਚੇ ਵਾਲ਼ੇ ਨਜ਼ਰੀਏ ਦੀ ਵਰਤੋਂ ਕਰਦੀ ਹੈ।

**"NRCS ਵਲੋਂ ਜੰਗਲਾਂ ਬਾਰੇ ਸਿਫ਼ਾਰਸ਼ ਕੀਤੇ ਗਏ ਟਿਕਾਉ ਤਰੀਕਿਆਂ ਨਾਲ ਸਾਡੇ ਨਿਜੀ ਜੀਵਨ ਦੇ ਨਾਲ ਹੀ ਜੰਗਲੀ-ਜੀਵਾਂ ਨੂੰ ਫ਼ਾਇਦਾ ਹੋ ਰਿਹਾ ਹੈ।"**

ਨਤਾਲੀ ਲਵ, ਪੈਨਸਿਲਵੈਨੀਆ ਦੀ ਕਾਸ਼ਤਕਾਰ





ਅਮਰੀਕਾ ਵਿਚਲੀ ਖੇਤੀਬਾੜੀ, ਜ਼ਮੀਨੀ ਅਤੇ ਸਤਹਿ ਦੇ ਪਾਣੀ ਦੀ ਸਭ ਤੋਂ ਵੱਧ ਵਰਤੋਂ ਕਰਦੀ ਹੈ। ਸਿੰਜਾਈ ਦੇ ਕੁਸ਼ਲ ਪ੍ਰਬੰਧ ਅਤੇ ਪਾਣੀ ਦਾ ਪ੍ਰਬੰਧ ਕਰਨ ਵਾਲ਼ੇ ਹੋਰ ਤਰੀਕੇ ਲਾਗੂ ਕਰਕੇ ਕਾਸ਼ਤਕਾਰਾਂ ਨੇ ਭੋਜਨ ਅਤੇ ਪਾਣੀ ਦੋਹਾਂ ਦੀ ਸਪਲਾਈ ਵਧਾਈ ਹੈ।

# ਅਮਰੀਕਾ ਦੀਆਂ ਕੰਮ ਵਾਲ਼ੀਆਂ ਜ਼ਮੀਨਾਂ ਦੀ ਮਦਦ, ਸਾਫ਼ ਪਾਣੀ

ਕਿਸਾਨ, ਰੈਂਚਰ ਅਤੇ ਜੰਗਲ ਦੀ ਜ਼ਮੀਨ ਦੇ ਮਾਲਕ ਪਾਣੀ ਨੂੰ ਆਪਣੇ ਦੇਸ਼ ਦਾ ਸਭ ਤੋਂ ਮੁੱਲਵਾਨ ਸ੍ਰੋਤ ਮੰਨਦੇ ਹਨ। ਰੋਜ਼, ਨਵੇਂ ਕਾਸ਼ਤਕਾਰ ਪ੍ਰਬੰਧ ਲਾਗੂ ਕਰਨ, ਜੋ ਪਾਣੀ ਦੀ ਸੰਭਾਲ ਕਰਦੇ ਹਨ ਅਤੇ ਵੱਡਮੁੱਲੇ ਪੋਸ਼ਕ-ਤੱਤਾਂ ਨੂੰ ਖੇਤਾਂ ਵਿੱਚ ਰੱਖਣ ਅਤੇ ਸਥਾਨਕ ਨਹਿਰਾਂ ਤੋਂ ਬਾਹਰ ਰੱਖਣ ਵਾਸਤੇ NRCS ਨਾਲ ਮਿਲਕੇ ਕੰਮ ਕਰਨ ਲਈ ਅੱਗੇ ਵਧ ਰਹੇ ਹਨ।

ਕਈ ਕਾਸ਼ਤਕਾਰ ਖੇਤੀਬਾੜੀ ਸਬੰਧੀ ਅਸਰ ਘਟਾਉਣ ਅਤੇ ਪੂਰੇ ਨਹਿਰੀ-ਖੇਤਰ ਦੇ ਪਾਣੀ ਦੀ ਕੁਆਲਿਟੀ ਵਿੱਚ ਸੁਧਾਰ ਕਰਨ ਲਈ ਜ਼ਮੀਨ ਦਾ ਪ੍ਰਬੰਧ ਕਰਨ ਦੀਆਂ ਕੋਸ਼ਿਸ਼ਾਂ ਵਿੱਚ ਆਪਣੇ ਦੋਸਤਾਂ ਅਤੇ ਗੁਆਂਢੀਆਂ ਨਾਲ ਸ਼ਾਮਿਲ ਹੋਏ ਹਨ। ਮਿੱਟੀ ਦੇ ਨਰੋਏਪਣ ਵਿੱਚ ਸੁਧਾਰ ਕਰਕੇ ਅਤੇ ਪੂਰੀ ਕੁਦਰਤੀ ਥਾਂ ਦੀ ਸੰਭਾਲ ਵਾਲ਼ਾ ਨਜ਼ਰੀਆ ਅਪਣਾਕੇ, ਇਹਨਾਂ ਟੀਚੇ ਵਾਲ਼ੀਆਂ ਕੋਸ਼ਿਸ਼ਾਂ ਦੇ ਨਤੀਜੇ ਵਜੋਂ ਕੰਮ ਵਾਲ਼ੀ ਖੇਤੀਬਾੜੀ ਦੀ ਜ਼ਮੀਨ ਵਿੱਚ ਮੁੜ-ਸੁਰਜੀਤ ਕੀਤੀਆਂ ਗਈਆਂ ਨਹਿਰਾਂ ਦੀ ਸੂਚੀ ਵਧ ਰਹੀ ਹੈ।

**"ਮੈਂ ਹਮੇਸ਼ਾ ਸੰਭਾਲ ਬਾਰੇ ਹੀ ਸੋਚਦਾ ਰਹਿੰਦਾ ਹਾਂ, ਇਸ ਕਰਕੇ ਮਿੱਟੀ ਖੁਰਣ ਦਾ ਮੁਕਾਬਲਾ ਕਰਨ ਅਤੇ ਸੰਭਾਲ ਨਾਲ ਜੁੜੇ ਕੁਝ ਮੁੱਦਿਆਂ ਨੂੰ ਹੱਲ ਕਰਨ ਲਈ ਖੇਤ 'ਤੇ ਨਹਿਰਾਂ ਅਤੇ ਇੱਕੋ ਖੇਤ ਵਿੱਚ ਦੋ ਅਲੱਗ-ਅਲੱਗ ਫਸਲਾਂ ਲਾਉਣ 'ਤੇ ਕੰਮ ਕਰ ਰਿਹਾ ਹਾਂ।"**

ਟਿਮ ਸਰਵੇਸ, ਵਿਸਕੌਨਸਿਨ ਦਾ ਕਾਸ਼ਤਕਾਰ





ਪੂਰੇ ਦੇਸ਼ ਵਿਚਲੇ ਕਾਸ਼ਤਕਾਰ ਵਾਧੂ ਕਾਰਬਨ ਨੂੰ ਅਲੱਗ ਕਰਨ, ਜ਼ਮੀਨ ਅੰਦਰ ਪਾਣੀ ਜਾਣ ਦੀ ਮਾਤਰਾ ਵਧਾਉਣ ਅਤੇ ਜੰਗਲੀ-ਜੀਵਾਂ ਅਤੇ ਪਰਾਗ-ਕਣਾਂ ਵਾਲ਼ੇ ਪੌਦਿਆਂ/ਕੀਟਾਂ ਵਿੱਚ ਸੁਧਾਰ ਕਰਨ ਲਈ ਮਿੱਟੀ ਦੀ ਸਿਹਤ ਦੇ ਸਿਧਾਂਤਾਂ ਦੀ ਵਰਤੋਂ ਕਰ ਰਹੇ ਹਨ – ਇਸ ਕਰਕੇ ਵਾਢੀ ਨਾਲ ਬਿਹਤਰ ਮੁਨਾਫ਼ੇ ਅਤੇ ਅਕਸਰ ਵਧੀਆ ਉਪਜ ਮਿਲਦੀ ਹੈ।



# ਅਮਰੀਕਾ ਦੀਆਂ ਕੰਮ ਵਾਲ਼ੀਆਂ ਜ਼ਮੀਨਾਂ ਦੀ ਮਦਦ, ਸਾਫ਼ ਹਵਾ

ਵਾੱਲਟਰੀ ਸੰਭਾਲ ਅਤੇ ਹਵਾ ਦੀ ਕੁਆਲਿਟੀ ਦੇ ਮੁਲਾਂਕਣ ਦੇ ਸਾਧਨਾਂ ਦੀ ਕਾਮਯਾਬੀ ਲਈ ਧੰਨਵਾਦ, ਕਈ ਕਾਸ਼ਤਕਾਰਾਂ ਨੂੰ ਪਤਾ ਚੱਲ ਰਿਹਾ ਹੈ ਕਿ ਮਿੱਟੀ ਅਤੇ ਫਸਲ ਦਾ ਲਚੀਲਾਪਨ ਵਧਾਉਣ ਵਾਲ਼ੀਆਂ ਤਕਨੀਕਾਂ, ਉਹੀ ਤਕਨੀਕਾਂ ਹਨ, ਜੋ ਕਾਰਬਨ ਅਤੇ ਨਾਈਟ੍ਰਸ ਆੱਕਸਾਈਡ ਦੇ ਨਿਕਾਸ ਨੂੰ ਘੱਟ ਕਰਦੀਆਂ ਹਨ — ਇਹ ਨਿਜੀ ਜ਼ਿਮੀਦਾਰਾਂ ਅਤੇ ਉਹਨਾਂ ਦੇ ਭਾਈਚਾਰਿਆਂ ਲਈ ਫ਼ਾਇਦੇ ਦਾ ਸੌਦਾ ਬਣਾ ਰਹੇ ਹਨ।

ਇਹਨਾਂ ਵਿੱਚੋਂ ਸੰਭਾਲ ਕਰਨ ਦੀ ਸੋਚ ਵਾਲ਼ੇ ਕਈ ਕਾਸ਼ਤਕਾਰ, ਜੋ ਕਿ ਮਜ਼ਬੂਤ ਅਤੇ ਦਿਹਾਤੀ ਅਤੇ ਸ਼ਹਿਰੀ ਜ਼ਮੀਨ ਦੇ ਇੰਟਰਫ਼ੇਸ ਵਿੱਚ ਸਥਿਤ ਹਨ, ਨਮੀ ਦਾ ਪ੍ਰਬੰਧ ਕਰਨ ਵਾਲ਼ੀਆਂ ਤਕਨੀਕਾਂ ਲਾਗੂ ਕਰਨ ਅਤੇ ਹਵਾ ਦੇ ਰਾਹ ਵਿੱਚ ਅੜਿੱਕਾ ਲਾਉਣ, ਜੋ ਪਸ਼ੂ ਪਾਲਣ ਨਾਲ ਜੁੜੀ ਧੂੜ-ਮਿੱਟੀ ਅਤੇ ਬੋ ਘੱਟ ਕਰਨ ਵਿੱਚ ਮਦਦ ਕਰਦਾ ਹੈ, ਨੂੰ ਲਾਗੂ ਕਰਨ ਲਈ ਵੀ NRCS ਨਾਲ ਕੰਮ ਕਰ ਰਹੇ ਹਨ।

## "ਜੇ ਅਸੀਂ ਜ਼ਮੀਨ ਦਾ ਖ਼ਿਆਲ ਰੱਖਦੇ ਹਾਂ, ਤਾਂ ਜ਼ਮੀਨ ਸਾਡਾ ਖ਼ਿਆਲ ਰੱਖੇਗੀ।"

ਹਗ ਹੈਮੰਡ ਬੈਨੇਟ, ਮਿੱਟੀ ਦੀ ਸੰਭਾਲ ਦੇ ਪਿਤਾਮਾ





## NRCS ਨਾਲ ਸ਼ੁਰੂ ਕਰੋ

ਕੀ ਤੁਸੀਂ ਖੇਤੀ ਜਾਂ ਰੈਂਚ ਦਾ ਕੰਮ ਕਰਦੇ ਹੋ ਅਤੇ ਜ਼ਮੀਨ ਵਿੱਚ ਸੁਧਾਰ ਕਰਨਾ ਚਾਹੁੰਦੇ, ਜੋ ਤੁਹਾਡੀ ਆਪਣੀ ਹੈ ਜਾਂ ਪਟੇ 'ਤੇ ਹੈ?



# ਦੇਸ਼ ਭਰ ਵਿਚਲੇ NRCS ਦਫ਼ਤਰ

NRCS ਦੀ ਸਥਾਪਨਾ ਔਖੇ ਸਮਿਆਂ ਵਿੱਚ ਕੀਤੀ ਗਈ ਸੀ —1930 ਦੇ ਦਹਾਕੇ ਵਿੱਚ ਮਾਰੂਥਲ ਦੇ ਦਿਨ। ਧੂੜ ਭਰੀਆਂ ਹਨੇਰੀਆਂ, ਜਿਸ ਵਿੱਚ ਉਪਰਲੀ ਲੱਖਾਂ ਟਨ ਮਿੱਟੀ ਉਡਕੇ ਅਟਲਾਂਟਿਕ ਮਹਾਸਾਗਰ ਤੱਕ ਦੇ ਸਾਰੇ ਰਾਹ ਵਿੱਚ ਫੈਲ ਗਈ ਸੀ, ਨੇ ਦੇਸ਼ ਦੀ ਖੇਤੀਬਾੜੀ ਵਾਲ਼ੀ ਜ਼ਮੀਨ ਤਬਾਹ ਕਰ ਦਿੱਤੀ ਸੀ। ਮੂਲ ਤੌਰ 'ਤੇ USDA ਦੀ ਮਿੱਟੀ ਦੀ ਸੰਭਾਲ ਬਾਰੇ ਸੇਵਾ 1935 ਵਿੱਚ ਸ਼ੁਰੂ ਹੋਈ ਸੀ, ਜਿਸ ਨੂੰ ਹੁਣ ਇੱਕ ਬਦਲੇ ਹੋਏ ਨਾਂ USDA ਕੁਦਰਤੀ ਸ੍ਰੋਤਾਂ ਦੀ ਸੰਭਾਲ ਬਾਰੇ ਸੇਵਾ ਵਜੋਂ ਜਾਣਿਆ ਜਾਂਦਾ ਹੈ, ਜੋ ਕੁਦਰਤੀ ਸ੍ਰੋਤਾਂ ਦੀ ਸੰਭਾਲ ਬਾਰੇ ਸਾਡੇ ਵਿਆਪਕ ਮਿਸ਼ਨ ਬਾਰੇ ਦੱਸਦੀ ਹੈ।

ਅੱਜ, ਵਾੱਲੰਟਰੀ ਸੰਭਾਲ ਸਬੰਧੀ ਪ੍ਰੋਗਰਾਮਾਂ ਰਾਹੀਂ, NRCS ਕਾਸ਼ਤਕਾਰਾਂ, ਮਿੱਟੀ ਅਤੇ ਪਾਣੀ ਦੀ ਸੰਭਾਲ ਕਰਨ ਵਾਲ਼ੇ ਜ਼ਿਲ੍ਹਿਆਂ ਦੀ ਮਦਦ ਕਰਦੀ ਹੈ ਅਤੇ ਹੋਰਨਾਂ ਭਾਈਵਾਲਾਂ ਦੀ ਰਾਖੀ ਕਰਦੀ ਹੈ ਅਤੇ ਸਮੁੱਚੇ ਅਮਰੀਕਾ ਵਿੱਚ ਨਿਜੀ ਜ਼ਮੀਨਾਂ 'ਤੇ ਕੁਦਰਤੀ ਸ੍ਰੋਤਾਂ ਦੀ ਸੰਭਾਲ ਕਰਦੀ ਹੈ।

ਦੇਸ਼ ਭਰ ਵਿਚਲੇ ਭਾਈਚਾਰਿਆਂ ਵਿੱਚ ਲਗਭਗ 2,500 ਦਫ਼ਤਰਾਂ ਨਾਲ NRCS ਦੇ ਮੁਲਾਜ਼ਮ,ਆਪਣੇ ਕੁਦਰਤੀ ਸ੍ਰੋਤਾਂ ਦੀ ਸੰਭਾਲ ਕਰਨ, ਬਹਾਲ ਰੱਖਣ ਅਤੇ ਬਿਹਤਰ ਬਣਾਉਣ ਲਈ — ਹਰ ਸਟੇਟ ਅਤੇ ਇਲਾਕੇ ਵਿਚਲੇ ਕਾਸ਼ਤਕਾਰਾਂ ਲਈ ਲਗਾਤਾਰ ਜਾਣਕਾਰੀ, ਟੂਲਸ ਅਤੇ ਲੋੜੀਂਦੇ ਡਿਲੀਵਰੀ ਪ੍ਰਬੰਧ ਉਪਲਬਧ ਕਰਦੇ ਹਨ। ਸਥਾਨਕ ਪੱਧਰ 'ਤੇ ਵਿਗਿਆਨ ਅਧਾਰਿਤ ਇਹ ਨਜ਼ਰੀਆ ਕਾਸ਼ਤਕਾਰਾਂ ਨੂੰ ਵਾੱਲਟਰੀ ਸੰਭਾਲ ਦੇ ਹੱਲ ਦੱਸਦੇ ਹਨ, ਜੋ ਉਹਨਾਂ ਦਾ ਵਾਤਾਵਰਣ ਅਤੇ ਕਾਰੋਬਾਰੀ ਵਿਹਾਰਕਤਾ ਵਧਾਉਂਦੇ ਹਨ।

**ਆਪਣੇ ਸਥਾਨਕ ਸੇਵਾ ਕੇਂਦਰ ਦਾ ਪਤਾ ਲਾਓ:**

**www.nrcs.usda.gov**

# ਲੋਕਾਂ ਦੀ ਮਦਦ ਕਰਨ ਦਾ ਮਤਲਬ ਹੈ, ਜ਼ਮੀਨ ਦੀ ਸੰਭਾਲ ਕਰਨਾ

- ਵਿਗਿਆਨ ਦੇ ਢੁਕਵੇਂ ਸਿਧਾਂਤਾਂ ਨਾਲ ਜੁੜੇ ਰਹਿਣਾ;
- ਜ਼ਮੀਨੀ ਵਰਤੋਂ ਲਈ ਜਾਂਚੇ-ਪਰਖੇ ਤਕਨੀਕੀ ਸਾਧਨਾਂ ਦੀ ਵਰਤੋਂ ਕਰਨੀ;
- ਜ਼ਿਮੀਦਾਰਾਂ ਅਤੇ ਕਾਸ਼ਤਕਾਰਾਂ ਲਈ ਵਿਅਕਤੀਗਤ ਤੌਰ 'ਤੇ ਸਲਾਹ ਅਤੇ ਮਾਲੀ ਮਦਦ ਮੁਹੱਈਆ ਕਰਨੀ;
- ਭਾਈਵਾਲਾਂ ਨਾਲ ਸਥਾਨਕ ਪੱਧਰ ਦੀ ਅਗਵਾਈ ਵਾਲ਼ੇ ਸੰਭਾਲ ਸਬੰਧੀ ਹੱਲ ਤਿਆਰ ਕਰਨੇ;
- ਖੇਤੀਬਾੜੀ, ਸੰਭਾਲ ਅਤੇ ਪੂੰਜੀ ਬਜ਼ਾਰਾਂ ਵਿੱਚ ਨਵੀਆਂ ਕਾਢਾਂ ਨਾਲ ਮਦਦ ਕਰਨੀ; ਲੋਕਾਂ ਦੀ ਪੂੰਜੀ ਨਾਲ ਮਦਦ ਕਰਨੀ — ਇਸ ਵਿੱਚ ਸ਼ੁਰੂਆਤੀ, ਪੱਛੜੇ ਹੋਏ ਅਤੇ ਤਜਰਬੇਕਾਰ ਕਿਸਾਨ ਸ਼ਾਮਿਲ ਹਨ।




NRCS











USDA ਬਰਾਬਰ ਦਾ ਮੌਕਾ ਦੇਣ ਵਾਲਾ ਪ੍ਰੋਵਾਈਡਰ, ਰੁਜ਼ਗਾਰਦਾਤਾ ਅਤੇ ਰਿਣਦਾਤਾ ਹੈ।

## ਖੋਜ ਅਤੇ ਸਾਈਟ ਬਾਰੇ ਮਦਦ ਵਾਲ਼ੀ ਸੇਵਾ ਦੇਣੀ

**ਅਸੀਂ ਡਾਟਾ, ਖੋਜ ਦੇ ਸਿੱਟੇ ਅਤੇ ਮਿਆਰ ਤਿਆਰ ਕਰਦੇ ਹਾਂ, ਪ੍ਰਬੰਧ ਕਰਦੇ ਹਾਂ ਅਤੇ ਸਾਂਝਾ ਕਰਦੇ ਹਾਂ, ਜੋ ਭਾਈਵਾਲਾਂ ਅਤੇ ਨੀਤੀ-ਘਾੜਿਆਂ ਨੂੰ ਉਦੇਸ਼, ਭਰੋਸੇਮੰਦ ਖੋਜ ਰਾਹੀਂ ਸੂਚਿਤ ਫ਼ੈਸਲੇ ਕਰਨ ਦੇ ਸਮਰੱਥ ਬਣਾਉਂਦੇ ਹਨ।**

ਅਸੀਂ ਮੰਨਦੇ ਹਾਂ ਕਿ ਕਿਸਾਨ, ਰੈਂਚਰ ਅਤੇ ਨਿਜੀ ਜੰਗਲਾਂ ਦੇ ਜ਼ਿਮੀਦਾਰ ਸਾਡੀਆਂ ਨਿਜੀ ਜ਼ਮੀਨਾਂ ਦੇ ਵਧੀਆ ਮੁਖ਼ਤਿਆਰ ਹਨ ਅਤੇ ਕਿ ਉਹ ਆਪਣੇ ਕਾਰੋਬਾਰਾਂ ਅਤੇ ਜ਼ਿੰਦਗੀ ਦੇ ਤਰੀਕੇ ਬਾਰੇ ਮੌਸਮ ਦੀ ਤਬਦੀਲੀ ਦੇ ਅਸਰਾਂ ਨੂੰ ਵਾੱਲੰਟਰੀ ਤੌਰ 'ਤੇ ਘਟਾਉਣਾ ਚਾਹੁੰਦੇ ਹਨ। ਖੇਤੀਬਾੜੀ ਨਾਲ ਜੁੜੇ ਕਾਸ਼ਤਕਾਰਾਂ ਨੂੰ ਸ੍ਰੋਤਾਂ ਅਤੇ ਮਿੱਟੀ ਦੀ ਸੰਭਾਲ ਕਰਨ ਲਈ ਤਕਨੀਕੀ ਸਿਖਲਾਈ, ਗ੍ਰੀਨਹਾਉਸ ਗੈਸ ਘਟਾਉਣ, ਕਾਰਬਨ ਵੱਖ ਕਰਨ, ਘਾਹ ਦੇ ਮੈਦਾਨ ਜਾਂ ਚਰਾਗਾਹ ਦਾ ਪ੍ਰਬੰਧ ਕਰਨ ਸਬੰਧੀ ਪਲਾਨ ਅਤੇ ਕੂੜੇ-ਕਚਰੇ ਦਾ ਪ੍ਰਬੰਧ ਕਰਨ ਵਾਲ਼ੇ ਪ੍ਰੋਗਰਾਮਾਂ ਦੀ ਲੋੜ ਹੈ। ਇੱਥੇ ਹੀ ਅਸੀਂ ਜਲਵਾਯੂ ਤਬਦੀਲੀ ਦੇ ਅਸਰ ਘੱਟ ਕਰਨ ਲਈ ਵਧੀਆ ਵਿਗਿਆਨ, ਸੰਭਾਲ ਕਰਨ ਵਾਲ਼ੇ ਟੂਲ ਅਤੇ ਟੀਚੇ ਵਾਲ਼ੀ ਮਾਲੀ ਮਦਦ ਦੀ ਵਰਤੋਂ ਬਾਰੇ ਇੱਕ ਭਾਈਵਾਲ ਵਜੋਂ ਸੇਵਾ ਦਿੰਦੇ ਹਾਂ ਅਤੇ ਯਕੀਨੀ ਬਣਾਉਂਦੇ ਹਨ ਕਿ USDA ਸਾਫ਼ ਹਵਾ, ਸਾਫ਼ ਪਾਣੀ ਅਤੇ ਸਿਹਤਮੰਦ ਪੇਂਡੂ ਭਾਈਚਾਰਿਆਂ ਦੀ ਮਦਦ ਲਈ ਆਪਣਾ ਯੋਗਦਾਨ ਪਾ ਰਹੀ ਹੈ। ਅਸੀਂ ਸੰਭਾਲ ਦੇ ਜਿਹੜੇ ਤਰੀਕਿਆਂ ਨੂੰ ਉਤਸਾਹ ਦਿੰਦੇ ਹਾਂ, ਉਹਨਾਂ ਦਾ ਅਧਾਰ ਵਿਗਿਆਨ ਹੈ ਅਤੇ ਕੰਮ ਕਰਨ ਲਈ ਜਾਂਚੇ-ਪਰਖੇ ਹਨ। ਅਸੀਂ ਸੰਭਾਲ ਦੀ ਅਹਿਮੀਅਤ ਦਾ ਮੁਜ਼ਾਹਰਾ ਕਰਨ ਲਈ ਬਿਲਕੁਲ ਨਵੀਂ ਖੋਜ ਅਤੇ ਤਕਨਾਲੋਜੀ ਦੀ ਵਰਤੋਂ ਕਰਦੇ ਹਾਂ ਅਤੇ ਉਹਨਾਂ ਥਾਵਾਂ ਦੀ ਪਛਾਣ ਕਰਦੇ ਹਾਂ, ਜਿਹਨਾਂ ਨੂੰ ਸਾਡੇ ਪ੍ਰੋਗਰਾਮਾਂ ਤੋਂ ਸਭ ਤੋਂ ਵੱਧ ਫ਼ਾਇਦਾ ਹੋ ਸਕਦਾ ਹੈ। ਅਸੀਂ ਸੂਚਿਤ ਫ਼ੈਸਲੇ ਕਰਨ ਲਈ ਕਾਸ਼ਤਕਾਰਾਂ, ਭਾਈਵਾਲਾਂ ਅਤੇ ਨੀਤੀ-ਘਾੜਿਆਂ ਵਲੋਂ ਇਸਤੇਮਾਲ ਕੀਤੀ ਗਈ ਜਾਣਕਾਰੀ ਮੁਹੱਈਆ ਕਰਦੇ ਹਾਂ।

ਸਾਡਾ **ਕੋਮੈਟ (COMET) ਟੂਲ** ਮਾਤਰਾ-ਨਿਰਧਾਰਣ ਟੂਲ ਤਿਆਰ ਕਰਨ ਵਿੱਚ USDA ਦੀ ਅਗਵਾਈ ਦਾ ਮੁਜ਼ਾਹਰਾ ਕਰਦਾ ਹੈ, ਜੋ ਜਲਵਾਯੂ ਲਈ ਢੁਕਵੀਂ ਖੇਤੀਬਾੜੀ ਕਰਨ ਦੇ ਤਰੀਕਿਆਂ ਦੀ ਮਦਦ ਕਰਦਾ ਹੈ। ਕੋਮੈਟ-ਫ਼ਾਰਮ ਟੂਲ ਕਿਸਾਨ, ਰੈਂਚਰ ਅਤੇ ਜੰਗਲ ਦੇ ਨਿਜੀ ਜ਼ਿਮੀਦਾਰ ਮੀਂਹ 'ਤੇ ਨਿਰਭਰ ਖੇਤੀਬਾੜੀ, ਚਰਾਗਾਹ, ਰੇਂਜ, ਬਗ਼ੀਚੇ/ਅੰਗੂਰ ਦੇ ਬਾਗ਼, ਪਸ਼ੂਧਨ, ਜੰਗਲਾਤ ਦੀ ਖੇਤੀਬਾੜੀ ਅਤੇ ਜੰਗਲਾਤ ਦੇ ਕਾਰਜਾਂ ਲਈ ਕਾਰਬਨ ਦੀ ਨਿਗਰਾਨੀ ਦਾ ਅੰਦਾਜ਼ਾ ਲਾਉਂਦੇ ਹਨ। ਕੋਮੈਟ-ਪਲਾਨਰ ਟੂਲ NRCS ਦੇ ਸੰਭਾਲ ਦੇ ਤਰੀਕੇ ਲਾਗੂ ਕਰਨ ਦੇ ਫ਼ਾਇਦਿਆਂ ਦਾ ਮੁਲਾਂਕਣ ਕਰਨ ਲਈ ਸੰਭਾਲ ਦਾ ਪਲਾਨ ਬਣਾਉਣ ਵਾਲਿਆਂ ਅਤੇ ਖੇਤੀਬਾੜੀ ਦੇ ਕਾਸ਼ਤਕਾਰਾਂ ਦੀ ਮਦਦ ਕਰਦਾ ਹੈ। ਕੋਮੈਟ ਟੂਲ ਮੁਫ਼ਤ ਹੈ ਅਤੇ ਬਜ਼ਾਰ ਵਿੱਚ ਆਮ ਮਿਲਦਾ ਹੈ।

ਆਪਣੇ **ਸੰਭਾਲ ਦੇ ਅਸਰਾਂ ਦੇ ਮੁਲਾਂਕਣ ਬਾਰੇ ਪ੍ਰੋਜੈਕਟ** (CEAP) ਰਾਹੀਂ, ਅਸੀਂ, ਕੰਮ ਵਾਲ਼ੀਆਂ ਜ਼ਮੀਨਾਂ 'ਤੇ ਵਾੱਲੰਟਰੀ ਸੰਭਾਲ ਕਿਵੇਂ ਅਸਰ ਪਾਉਂਦੀ ਹੈ, ਦਾ ਮੁਆਇਨਾ ਕਰਦੇ ਹਾਂ। ਅਸੀਂ ਸੰਭਾਲ ਦੇ ਤਰੀਕਿਆਂ ਦੇ ਅਸਰਾਂ ਅਤੇ ਵਾਧੂ ਪ੍ਰਬੰਧ ਕਰਨ ਨਾਲ ਉਸ ਜ਼ਮੀਨ ਅਤੇ ਉਸ ਕਾਸ਼ਤਕਾਰ ਨੂੰ ਕਿਵੇਂ ਫ਼ਾਇਦਾ ਹੋ ਸਕਦਾ ਹੈ, 'ਤੇ ਨਜ਼ਰ ਰੱਖਦੇ ਹਾਂ। ਇਹਨਾਂ ਅਧਿਆਨਾਂ ਤੋਂ ਪ੍ਰਾਪਤ ਸਿੱਟੇ, ਸੰਭਾਲ ਨਾਲ ਜੁੜੇ ਨਤੀਜੇ ਮਾਪਣ ਲਈ ਸਾਡੇ ਵਾਸਤੇ ਇੱਕ ਭਰੋਸੇਮੰਦ ਤਰੀਕਾ ਮੁਹੱਈਆ ਕਰਦੇ ਹਨ ਅਤੇ ਵਿਗਿਆਨਕ ਅਧਾਰ ਬਾਰੇ ਦੱਸਣ ਲਈ, ਅਸੀਂ ਜ਼ਮੀਨ ਦਾ ਪ੍ਰਬੰਧ ਕਰਨ ਲਈ ਬਿਹਤਰੀਨ ਤਰੀਕੇ ਤਿਆਰ ਕਰਨ ਵਾਸਤੇ ਇਹਨਾਂ ਦੀ ਵਰਤੋਂ ਕਰਦੇ ਹਾਂ।

ਸੰਭਾਲ ਸਬੰਧੀ **ਨਵੀਆਂ ਕਾਢਾਂ ਲਈ ਗ੍ਰਾਂਟਾਂ ਬਾਰੇ** ਪ੍ਰੋਗਰਾਮ ਰਾਹੀਂ, ਅਸੀਂ ਬਹੁਤ ਹੀ ਆਧੁਨਿਕ ਵਿਚਾਰਾਂ ਅਤੇ ਪ੍ਰੋਜੈਕਟਾਂ, ਬਜ਼ਾਰ ਦਾ ਫ਼ਾਇਦਾ ਚੁੱਕਣ ਲਈ ਰਕਮਾਂ ਦੇ ਰਹੇ ਹਾਂ ਅਤੇ ਸੰਭਾਲ ਦਾ ਅਸਰ ਮਾਪਣ ਦੇ ਨਵੇਂ ਤਰੀਕਿਆਂ ਦੀ ਭਾਲ ਕਰ ਰਹੇ ਹਾਂ। ਅਸੀਂ ਸੰਭਾਲ ਲਈ ਰਕਮਾਂ ਦੇ ਮੌਕੇ ਤਿਆਰ ਕਰਨ ਵਿੱਚ ਕਰਦੇ ਹਾਂ, ਜੋ ਕਾਸ਼ਤਕਾਰਾਂ ਨੂੰ ਉਹਨਾਂ ਵਲੋਂ ਆਪਣੀਆਂ ਜ਼ਮੀਨਾਂ 'ਤੇ ਲਾਗੂ ਕੀਤੇ ਜਾਣ ਵਾਲ਼ੇ ਸੰਭਾਲ ਦੇ ਤਰੀਕਿਆਂ ਦਾ ਫ਼ਾਇਦਾ ਚੁੱਕਣ ਦੇ ਨਵੇਂ ਤਰੀਕੇ ਮੁਹੱਈਆ ਕਰਦੀਆਂ ਹਨ। 2014 ਤੋਂ, NRCS ਨੇ ਸੰਭਾਲ ਲਈ ਰਕਮਾਂ ਵਾਲ਼ੇ 39 ਪ੍ਰੋਜੈਕਟਾਂ ਵਿੱਚ ਲਗਭਗ $25.5 ਮਿਲੀਅਨ ਦੀ ਪੂੰਜੀ ਲਾਈ ਹੈ ਅਤੇ ਇਹਨਾਂ ਸਰਕਾਰੀ ਡਾੱਲਰਾਂ ਵਿੱਚੋਂ ਸਾਡੇ ਭਾਈਵਾਲਾਂ ਤੱਕ ਘੱਟੋ-ਘੱਟ ਇੱਕ-ਪਿੱਛੇ-ਇੱਕ ਪਹੁੰਚਿਆ ਹੈ।

**ਸਾਡਾ ਸਨੋਅ ਟੈਲੀਮੈਟਰੀ** (SNOTEL) ਡਾਟਾ ਇਕੱਠਾ ਕਰਨ ਵਾਲ਼ਾ ਨੈਟਵਰਕ, ਅਮਰੀਕਾ ਦੇ ਕਿਸਾਨਾਂ ਲਈ ਪਾਣੀ ਦੀ ਸਪਲਾਈ ਦੀ ਭਵਿੱਖਬਾਣੀ ਕਰਨ ਲਈ ਲੋੜੀਂਦਾ ਸਨੋਅਪੈਕ ਅਤੇ ਸਬੰਧਿਤ ਜਲਵਾਯੂ ਡਾਟਾ ਇਕੱਠਾ ਕਰਦੀ ਹੈ। ਅਤੇ **ਮਿੱਟੀ ਦੇ ਸਰਵੇਖਣ ਰਾਹੀਂ**, ਅਸੀਂ ਦੇਸ਼ ਭਰ ਦੀਆਂ ਮਿੱਟੀਆਂ ਦਾ ਵੇਰਵਾ ਤਿਆਰ ਕਰਦੇ ਹਾਂ, ਤਾਂਜੋ ਕਿਸਾਨ, ਰੈਂਚਰ ਅਤੇ ਹੋਰ ਲੋਕ ਮਿੱਟੀ ਤਿਆਰ ਕਰਨ ਦੇ ਅਧਾਰ 'ਤੇ ਆਪਣੀ ਜ਼ਮੀਨ ਲਈ ਚੋਣ ਕਰ ਸਕਣ। NRCS ਕੋਲ ਦੇਸ਼ ਦੀਆਂ 95 ਫ਼ੀਸਦ ਤੋਂ ਵੱਧ ਕਾਉਂਟੀਆਂ ਲਈ ਮਿੱਟੀ ਦੇ ਨਕਸ਼ੇ ਅਤੇ ਔਨਲਾਈਨ ਡਾਟਾ ਉਪਲਬਧ ਹੈ।

*ਕੁਦਰਤੀ ਸ੍ਰੋਤਾਂ ਦੀ ਸੰਭਾਲ ਬਾਰੇ ਸੇਵਾ (NRCS) ਅਮਰੀਕਾ ਦੇ ਖੇਤੀਬਾੜੀ ਮਹਿਕਮੇ (USDA) ਦੇ ਅੰਦਰ ਇੱਕ ਏਜੰਸੀ ਹੈ। ਸਾਰੀਆਂ ਦੀਆਂ ਸਾਰੀਆਂ 50 ਸਟੇਟਾਂ ਵਿਚਲੇ ਸਮੁੱਚੇ ਕੈਰੇਬੀਅਨ ਅਤੇ ਸ਼ਾਂਤਮਹਾਸਾਗਰ ਦੇ ਨਹਿਰੀ ਖੇਤਰ ਵਿੱਚ, ਸਾਡੇ ਲਗਭਗ 2,500 ਸਥਾਨਕ ਦਫ਼ਤਰ ਹਨ।*

ਅਸੀਂ ਤੁਹਾਡੀ ਮਦਦ ਕਿਵੇਂ ਕਰ ਸਕਦੇ ਹਾਂ, ਦਾ ਪਤਾ ਲਾਉਣ ਲਈ ਜਾਂ ਹੋਰ ਜਾਣਕਾਰੀ ਲਈ

**www.nrcs.usda.gov** 'ਤੇ ਜਾਓ।

USDA ਬਰਾਬਰ ਦਾ ਮੌਕਾ ਦੇਣ ਵਾਲਾ ਪ੍ਰੋਵਾਈਡਰ, ਰੁਜ਼ਗਾਰਦਾਤਾ ਅਤੇ ਰਿਣਦਾਤਾ ਹੈ।



# ਲੋਕਾਂ ਦੀ ਮਦਦ ਕਰਨ ਦਾ ਮਤਲਬ ਹੈ, ਜ਼ਮੀਨ ਦੀ ਸੰਭਾਲ ਕਰਨਾ

## ਸਲਾਹ ਅਤੇ ਹੱਲ ਮੁਹੱਈਆ ਕਰਨਾ

**ਅਸੀਂ, ਆਪਣੇ ਦੇਸ਼ ਦੇ ਭੋਜਨ ਅਤੇ ਫ਼ਾਈਬਰ ਦਾ ਉਤਪਾਦਨ ਕਰਨ ਵਾਲ਼ੇ ਉਹਨਾਂ ਲੋਕਾਂ ਦੀ ਵਿਲੱਖਣ ਸੰਭਾਲ ਅਤੇ ਕਾਰੋਬਾਰੀ ਟੀਚੇ ਪੂਰੇ ਕਰਨ ਲਈ ਵਧੀਆ ਹੱਲ ਬਾਰੇ ਆਹਮੋ-ਸਾਹਮਣੀ, ਵਿਅਕਤੀਗਤ ਸਲਾਹ ਦਿੰਦੇ ਹਾਂ।**

ਅਸਾਨ ਸ਼ਬਦਾਂ ਵਿੱਚ ਕਹੀਏ, ਤਾਂ—NRCS ਵਾੱਲੰਟਰੀ ਤੌਰ 'ਤੇ ਲਾਗੂ ਕਰਨ ਲਈ ਅਮਰੀਕੀ ਕਿਸਾਨਾਂ, ਰੈਂਚਰਾਂ ਅਤੇ ਜੰਗਲ ਦੇ ਨਿਜੀ ਜ਼ਿਮੀਦਾਰਾਂ ਦੀ ਮਦਦ ਕਰਦੀ ਹੈ, ਜੋ ਉਹਨਾਂ ਲਈ ਕੰਮ ਕਰਦੀ ਹੈ। ਖੇਤੀਬਾੜੀ ਦੀ ਜ਼ਮੀਨ – ਲਾਹੇਵੰਦ ਖੇਤੀਬਾੜੀ ਦੀ ਜ਼ਮੀਨ ਅਤੇ ਕਾਰਜਾਂ 'ਤੇ ਇਸਤੇਮਾਲ ਕੀਤੇ ਜਾਣ ਵਾਲ਼ੇ ਬਹੁਤੇ ਤਰੀਕੇ। ਤਰੀਕਿਆਂ ਦਾ ਪ੍ਰਬੰਧ, ਜਿਸ ਨੂੰ ਅਸੀਂ ਉਤਸਾਹ ਦਿੰਦੇ ਹਾਂ, ਅਮਰੀਕਾ ਦੀ ਖੇਤੀਬਾੜੀ ਵਾਲ਼ੇ ਕਾਸ਼ਤਕਾਰਾਂ ਦੀ ਮਦਦ ਕਰਦੇ ਹਨ, ਉਤਪਾਦਨ ਬਿਹਤਰ ਕਰਦੇ ਹਨ, ਖੇਤੀਬਾੜੀ ਵਿੱਚ ਵਰਤੇ ਜਾਣ ਵਾਲ਼ੇ ਸਮਾਨ ਦੀਆਂ ਲਾਗਤਾਂ ਘਟਾਉਂਦੇ ਹਨ, ਕੁਦਰਤੀ ਸ੍ਰੋਤਾਂ ਦੀ ਰਾਖੀ ਕਰਦੇ ਹਨ, ਗ੍ਰੀਨਹਾਉਸ ਗੈਸ ਦੀ ਨਿਕਾਸੀ ਘਟਾਉਂਦੇ ਹਨ, ਪੂਰਾ ਸਾਲ ਬਾਇਓਮਾਸ ਅਤੇ ਮਿੱਟੀ ਵਿੱਚੋਂ ਵਾਤਾਵਰਣ ਵਿਚਲੇ ਕਾਰਬਨ ਨੂੰ ਵੱਖ ਕਰਕੇ, ਮਿੱਟੀ ਨੂੰ ਹੋਰ ਨਰੋਆ ਬਣਾਕੇ ਅਤੇ ਅਪਣਾਕੇ ਖੇਤੀਬਾੜੀ ਦੇ ਕਾਰਜ ਤਿਆਰ ਕਰਨ ਲਈ ਜਲਵਾਯੂ ਸਬੰਧੀ ਤਬਦੀਲੀ ਦੇ ਅਸਰ ਅਪਣਾਉਣਾ, ਜੋ ਹੁਣ ਅਤੇ ਭਵਿੱਖ ਵਿੱਚ ਲਾਹੇਵੰਦ, ਫ਼ਾਇਦੇਮੰਦ ਅਤੇ ਲਚੀਲੇ ਹਨ। ਅਸੀਂ ਜ਼ਮੀਨ 'ਤੇ ਕੰਮ ਵਾਲ਼ੀ ਜ਼ਮੀਨ ਦੀ ਸੰਭਾਲ ਕਰਨ ਦੀ ਲਾਗਤ ਵਿੱਚ ਮਦਦ ਕਰਨ ਲਈ ਮਾਲੀ ਸ੍ਰੋਤ ਵੀ ਉਪਲਬਧ ਕਰਦੇ ਹਾਂ।

ਸਾਡਾ **ਸੰਭਾਲ ਕਰਨ ਸਬੰਧੀ ਤਕਨੀਕੀ ਸਹਾਇਤਾ** (CTA) ਪ੍ਰੋਗਰਾਮ, NRCS ਵਲੋਂ ਚਲਾਏ ਜਾਂਦੇ ਹਰ ਪ੍ਰੋਗਰਾਮ ਰਾਹੀਂ ਲਾਗੂ ਕੀਤੀ ਗਈ ਹਰ-ਇੱਕ ਏਕੜ ਜ਼ਮੀਨ ਨੂੰ ਸਮਰੱਥ ਬਣਾਉਂਦਾ ਹੈ। ਇਹ ਸਾਡੀ ਮਾਲੀ ਅਤੇ ਤਕਨੀਕੀ ਸਹਾਇਤਾ ਦੇਣ ਵਾਲ਼ੇ ਪ੍ਰਬੰਧ ਦੀ ਬੁਨਿਆਦ ਹੈ। ਖ਼ਾਸ ਤੌਰ 'ਤੇ ਇਹ ਪ੍ਰੋਗਰਾਮ ਸੰਭਾਲ ਸਬੰਧੀ ਯੋਜਨਾਬੰਦੀ ਲਈ ਰਕਮਾਂ ਦਿੰਦਾ ਹੈ ਅਤੇ ਕਾਸ਼ਤਕਾਰਾਂ ਨੂੰ ਸਿਹਤਮੰਦ ਅਤੇ ਲਾਹੇਵੰਦ ਕੁਦਰਤੀ ਥਾਂ ਦੇ ਲਾਭ ਹਾਸਿਲ ਕਰਨ ਲਈ ਲੋੜੀਂਦੀ ਫ਼ੈਸਲੇ ਸਬੰਧੀ ਮਦਦ ਅਤੇ ਜਾਂਚੀ-ਪਰਖੀ ਤਕਨੀਕ ਮੁਹੱਈਆ ਕਰਦਾ ਹੈ।












## ਲੋਕਾਂ 'ਤੇ ਪੂੰਜੀ ਲਾਉਣੀ

**ਅਸੀਂ ਖੇਤੀਬਾੜੀ ਦੀਆਂ ਜ਼ਮੀਨਾਂ 'ਤੇ ਕੰਮ ਕਰਦੇ ਰਹਿਣ, ਦਿਹਾਤੀ ਆਰਥਕਤਾ ਨੂੰ ਹੁਲਾਰਾ ਦੇਣ, ਅਮਰੀਕੀ ਖੇਤੀਬਾੜੀ ਦੀ ਮੁਕਾਬਲੇਬਾਜ਼ੀ ਵਧਾਉਣ ਅਤੇ ਆਪਣੀ ਹਵਾ, ਪਾਣੀ ਅਤੇ ਮਿੱਟੀ ਦੀ ਸਿਹਤ ਵਿੱਚ ਸੁਧਾਰ ਕਰਨ ਲਈ, ਉਹਨਾਂ ਦੇ ਕਾਰਜਾਂ ਅਤੇ ਸਥਾਨਕ ਭਾਈਚਾਰਿਆਂ ਵਿੱਚ ਪੂੰਜੀ ਲਾਉਣ ਲਈ ਲੋਕਾਂ ਦੀ ਮਦਦ ਕਰਦੇ ਹਾਂ।**

ਕਿਸਾਨ, ਰੈਂਚਰ ਅਤੇ ਜੰਗਲ-ਵਾਸੀ ਅਮਰੀਕਾ ਦੀ ਮਜ਼ਬੂਤ ਨੀਂਹ ਹਨ। ਉਹਨਾਂ ਦੇ ਕਾਰਜਾਂ ਵਿੱਚ ਮਦਦ ਕਰਕੇ ਅਤੇ ਉਹਨਾਂ ਦੀਆਂ ਜ਼ਮੀਨਾਂ 'ਤੇ ਸੁਧਾਰ ਕਰਨ ਵਿੱਚ ਮਦਦ ਕਰਕੇ, ਅਸੀਂ ਪੇਂਡੂ ਅਮਰੀਕਾ ਵਿੱਚ ਆਰਥਕ ਸਥਿਰਤਾ ਮੁਹੱਈਆ ਕਰਾਕੇ ਮਦਦ ਕਰ ਰਹੇ ਹਾਂ। ਅਸੀਂ ਦਿਹਾਤੀ ਆਰਥਿਕਤਾ ਵਿੱਚ ਮਦਦ ਕਰ ਰਹੇ ਹਾਂ ਅਤੇ ਸਥਾਨਕ ਭਾਈਚਾਰਿਆਂ ਵਿੱਚ ਨੌਕਰੀਆਂ ਸਿਰਜ ਰਹੇ ਹਾਂ। ਸਾਡਾ ਕੰਮ ਉਤਪਾਦਨ ਵਿੱਚ ਖੇਤੀਬਾੜੀ ਵਾਲ਼ੀਆਂ ਜ਼ਮੀਨਾਂ ਨੂੰ ਬਣਾਈ ਰੱਖਣਾ ਹੈ।

ਸੰਭਾਲ **ਦੀ ਮੁਖ਼ਤਿਆਰੀ ਸਬੰਧੀ ਸਾਡਾ ਪ੍ਰੋਗਰਾਮ** (CSP) ਅਮਰੀਕਾ ਵਿੱਚ ਸਭ ਤੋਂ ਵੱਡਾ ਸੰਭਾਲ ਸਬੰਧੀ ਪ੍ਰੋਗਰਾਮ ਹੈ, ਜਿਸ ਵਿੱਚ 43 ਮਿਲੀਅਨ ਏਕੜ ਤੋਂ ਵੱਧ ਖੇਤੀਬਾੜੀ ਵਾਲ਼ੀ ਲਾਹੇਵੰਦ ਅਤੇ ਜੰਗਲਾਤ ਦੀ ਜ਼ਮੀਨ ਰਜਿਸਟਰਡ ਹੈ। CSP ਕਾਸ਼ਤਕਾਰਾਂ ਨੂੰ ਨਾ ਸਿਰਫ਼ ਮੌਜੂਦਾ ਜ਼ਮੀਨ 'ਤੇ ਸੰਭਾਲ ਦਾ ਪੱਧਰ ਬਣਾਈ ਰੱਖਣ ਲਈ ਮਾਲੀ ਮਦਦ ਦਿੰਦਾ ਹੈ, ਬਲਕਿ ਉਹਨਾਂ ਦੀ ਮੁਖ਼ਤਿਆਰੀ ਨੂੰ ਅਗਲੇ ਪੱਧਰ ਤੱਕ ਲਿਜਾਣ ਲਈ ਨਵੀਂ ਜਾਂ ਸੰਭਾਲ ਸਬੰਧੀ ਉੱਨਤ ਸਰਗਰਮੀਆਂ ਸ਼ਾਮਿਲ ਕਰਦਾ ਹੈ।

ਵਾਤਾਵਰਣ **ਸਬੰਧੀ ਕੁਆਲਿਟੀ ਬਾਰੇ ਸਾਡਾ ਉਤਸਾਹ ਸਬੰਧੀ ਪ੍ਰੋਗਰਾਮ** (EQIP) ਕੰਮ ਵਾਲ਼ੀਆਂ ਜ਼ਮੀਨਾਂ ਲਈ NRCS ਦਾ ਮੁੱਖ ਮਾਲੀ ਸਹਾਇਤਾ ਪ੍ਰੋਗਰਾਮ ਹੈ, ਜੋ ਖੇਤੀਬਾੜੀ ਅਤੇ ਸੰਭਾਲ ਦਾ ਲਾਭ ਲੈਣ ਲਈ ਸੁਧਾਰ ਕਰਨ ਲਈ ਕਾਸ਼ਤਕਾਰਾਂ ਦੀ ਮਦਦ ਕਰ ਰਿਹਾ ਹੈ।

ਖੇਤੀਬਾੜੀ **ਦੀ ਸੰਭਾਲ ਬਾਰੇ ਸਾਡਾ ਰਾਹਤ ਪ੍ਰੋਗਰਾਮ** (ACEP) ਗ਼ੈਰ-ਖੇਤੀਬਾੜੀ ਸਬੰਧੀ ਵਰਤੋਂ ਲਈ ਲਾਹੇਵੰਦ ਕੰਮ ਵਾਲ਼ੀਆਂ ਜ਼ਮੀਨਾਂ ਦੀ ਤਬਦੀਲੀ ਰੋਕਕੇ ਦੇਸ਼ ਲਈ ਭੋਜਨ ਦੀ ਸਪਲਾਈ ਦੀ ਲੰਮੀ-ਮਿਆਦ ਦੀ ਵਿਹਾਰਕਤਾ ਦੀ ਰਾਖੀ ਕਰਨ ਵਿੱਚ ਮਦਦ ਕਰਦਾ ਹੈ। ਇਹ ਪ੍ਰੋਗਰਾਮ ਸੇਮ ਵਾਲ਼ੀਆਂ ਜ਼ਮੀਨਾਂ ਦੀ ਰਾਹਤ ਰਾਹੀਂ ਸੇਮ ਵਾਲ਼ੀਆਂ ਜ਼ਮੀਨਾਂ ਦੀ ਰਾਖੀ ਕਰਨ ਅਤੇ ਸੁਰਜੀਤ ਰੱਖਕੇ – ਪਾਣੀ ਦੀ ਕੁਆਲਿਟੀ ਵਿੱਚ ਸੁਧਾਰ ਕਰਨ, ਹੜ੍ਹਾਂ ਨੂੰ ਘਟਾਉਣ ਅਤੇ ਜੰਗਲੀ ਜੀਵਾਂ ਲਈ ਰਿਹਾਇਸ਼ ਮੁਹੱਈਆ ਕਰਕੇ ਵੀ ਕਿਸਾਨਾਂ ਦੀ ਮਦਦ ਕਰਦਾ ਹੈ।

ਇਹ ਪ੍ਰੋਗਰਾਮ, ਭਵਿੱਖ ਦੀਆਂ ਵੰਗਾਰਾਂ – ਗੰਭੀਰ ਔੜ ਅਤੇ ਹੜ੍ਹਾਂ ਵਰਗੀਆਂ ਅਤਿ ਦੀਆਂ ਮੌਸਮੀ ਘਟਨਾਵਾਂ ਲਈ ਆਲਮੀ ਅਬਾਦੀ ਵਿੱਚ ਵਾਧੇ ਲਈ ਉਹਨਾਂ ਦੇ ਕਾਰਜ ਤਿਆਰ ਕਰਨ ਲਈ ਕਾਸ਼ਤਕਾਰਾਂ ਦੀ ਮਦਦ ਕਰ ਰਹੇ ਹਨ।

## ਪੱਛੜੇ ਕਿਸਾਨਾਂ ਲਈ ਪੂੰਜੀ ਲਾਉਣੀ

**ਸਮਾਜਕ ਤੌਰ 'ਤੇ ਪੱਛੜੇ** ਕਿਸਾਨਾਂ ਜਾਂ ਰੈਂਚਰਾਂ ਨੂੰ 2017-2020 ਤੱਕ EQIP ਅਤੇ CSP ਰਾਹੀਂ $330 ਮਿਲੀਅਨ ਉਪਲਬਧ ਕਰਾਏ ਗਏ ਸੀ; ਇੱਕ ਸਾਲ ਵਿੱਚ ਲਗਭਗ $83 ਮਿਲੀਅਨ। NRCS ਸਮਾਜਕ ਤੌਰ 'ਤੇ ਪੱਛੜੇ ਕਿਸਾਨਾਂ ਜਾਂ ਰੈਂਚਰਾਂ ਨੂੰ ਉਹਨਾਂ ਲੋਕਾਂ ਦੇ ਤੌਰ 'ਤੇ ਪਰਿਭਾਸ਼ਤ ਕਰਦਾ ਹੈ, ਜੋ ਬੰਸ ਸਬੰਧੀ ਜਾਂ ਨਸਲੀ ਪੱਖਪਾਤ ਦੇ ਅਸਰ ਹੇਠ ਆਉਂਦੇ ਹਨ, ਇਹਨਾਂ ਵਿੱਚ ਅਮਰੀਕਨ ਇੰਡੀਅਨ ਜਾਂ ਅਲਾਸਕਾ ਦੇ ਮੂਲ- ਨਿਵਾਸੀ, ਏਸ਼ਿਆਈ, ਕਾਲੇ ਜਾਂ ਅਫ਼ਰੀਕੀ-ਅਮਰੀਕੀ, ਮੂਲ ਹਵਾਈਅਨ ਜਾਂ ਹੋਰ ਸ਼ਾਂਤਮਹਾਸਾਗਰ ਦੇ ਟਾਪੂ ਦੇ ਵਸਨੀਕ ਅਤੇ ਹਿਸਪੈਨਿਕ ਸ਼ਾਮਿਲ ਹਨ। ਅਸੀਂ ਆਪਣੇ ਪ੍ਰੋਗਰਾਮ ਵਿੱਚ ਬਰਾਬਰੀ ਨੂੰ ਯਕੀਨੀ ਬਣਾਉਣ, ਪਹੁੰਚ ਕਰਨ ਲਈ ਅੜਿੱਕੇ ਹਟਾਉਣ ਅਤੇ ਅਮਰੀਕਾ ਦੀ ਵੱਧ ਨੁਮਾਇੰਦਗੀ ਵਾਲ਼ੇ ਵਰਕਰ ਤਿਆਰ ਕਰਨ ਲਈ ਵਚਨਬੱਧ ਹਾਂ।

NRCS ਨੇ ਇਸ ਗੱਲ 'ਤੇ ਧਿਆਨ ਲਾਉਣ ਲਈ ਇੱਕ ਟੀਮ ਬਣਾਈ ਹੈ ਕਿ ਇਤਿਹਾਸਕ ਤੌਰ 'ਤੇ ਪੱਛੜੇ ਕਿਸਾਨਾਂ ਅਤੇ ਰੈਂਚਰਾਂ ਲਈ ਸੇਵਾ ਅਤੇ ਪਹੁੰਚ ਕਿਵੇਂ ਵਧਾਈ ਜਾਏ, ਇਸ ਵਿੱਚ ਸਮਾਜਕ ਤੌਰ 'ਤੇ ਪੱਛੜੇ ਲੋਕ ਸ਼ਾਮਿਲ ਹਨ, ਜਿਸਦੇ ਨਤੀਜੇ ਵਜੋਂ ਇੱਕ ਗਾਈਡ-ਪੁਸਤਿਕਾ ਬਣਾਈ ਗਈ ਹੈ, ਜੋ ਇਹਨਾਂ ਸਮੂਹਾਂ ਲਈ ਵਿਲੱਖਣ ਮੌਕਿਆਂ ਵਿੱਚੋਂ ਕੁਝ ਬਾਰੇ ਸਮਝਾਉਂਦੀ ਹੈ।

ਇਸ ਦੇ ਨਾਲ ਹੀ, 2018 ਫ਼ਾਰਮ ਬਿੱਲ ਨੇ ਕ੍ਰਾੱਸ ਏਜੰਸੀ ਐਗ੍ਰੀਕਲਚਰ ਐਂਡ ਇੰਨੋਵੇਟਿਵ ਪ੍ਰੋਡਕਸ਼ਨ ਆੱਫ਼ਿਸ ਬਣਾਇਆ ਹੈ, ਇਸ ਲਈ NRCS ਆਗੂ ਏਜੰਸੀ ਹੈ। ਇਸ ਤੋਂ ਅਲਾਵਾ, NRCS ਦੇ ਕਈ ਸਟੇਟ ਦਫ਼ਤਰਾਂ ਨੇ ਸ਼ਹਿਰੀ ਫ਼ਾਰਮਾਂ ਦੀ ਮਦਦ 'ਤੇ ਖ਼ਾਸ ਧਿਆਨ ਦੇਣ ਲਈ – ਸ਼ਹਿਰੀ ਸੰਭਾਲ ਕਰਨ ਬਾਰੇ ਮਾਹਿਰਾਂ – ਦੇ ਅਹੁਦੇ ਸਿਰਜੇ ਹਨ।

**ਵਾਰਿਸ ਦੀ ਜਾਇਦਾਦ** ਵੀ ਸਮਾਜਕ ਤੌਰ 'ਤੇ ਪੱਛੜੇ ਕਈ ਕਿਸਾਨਾਂ ਲਈ ਇੱਕ ਵੰਗਾਰ ਹੈ। ਇਹ ਸ਼ਬਦ, ਉਸ ਜ਼ਮੀਨ ਦਾ ਹਵਾਲਾ ਦਿੰਦਾ ਹੈ, ਜਿੱਥੇ ਅਕਸਰ ਕਈ ਵਾਰਿਸ ਹੁੰਦੇ ਹਨ, ਪਰ ਇਹ ਮਲਕੀਅਤ ਸਪਸ਼ਟ ਟਾਈਟਲ ਤੋਂ ਬਿਨਾ ਕਈ ਵਾਰਿਸਾਂ ਨੂੰ ਦੇ ਦਿੱਤੀ ਜਾਂਦੀ ਹੈ। 2018 ਫ਼ਾਰਮ ਬਿੱਲ ਨੇ ਵਾਰਿਸਾਂ ਦੀ ਜਾਇਦਾਦ ਦੇ ਅੱਪ੍ਰੇਟਰਾਂ ਲਈ ਕੁਝ ਦਸਤਾਵੇਜ਼ਾਂ ਦੀ ਪ੍ਰਵਾਣਗੀ ਦਾ ਪਸਾਰ ਕੀਤਾ ਹੈ, ਤਾਂਜੋ ਉਹ ਫ਼ਾਰਮ ਨੰਬਰ ਤਿਆਰ ਕਰ ਸਕਣ ਅਤੇ USDA ਦੇ ਪ੍ਰੋਗਰਾਮਾਂ ਲਈ ਹੱਕਦਾਰ ਹੋ ਸਕਣ।







